# ਤੁਹਾਡੇ ਬੱਚੇ ਦਾ ਕਾਰਜਸ਼ੀਲ ਵਿਕਾਸ

ਤੁਸੀਂ ਅਤੇ ਤੁਹਾਡੀ ਪ੍ਰਦਾਤਾਵਾਂ ਦੀ ਟੀਮ ਇਹ ਫੈਸਲਾ ਕਰੇਗੀ ਕਿ ਤੁਹਾਡਾ ਬੱਚਾ ਆਮ ਪਰਿਵਾਰਕ ਰੁਟੀਨਾਂ ਅਤੇ ਗਤੀਵਿਧੀਆਂ ਵਿੱਚ ਇੱਕ ਕਾਰਜਸ਼ੀਲ ਤਰੀਕੇ ਨਾਲ ਕਿਵੇਂ ਭਾਗ ਲਵੇਗਾ। ਉਦਾਹਰਨ ਲਈ, ਹੋ ਸਕਦਾ ਹੈ ਤੁਹਾਡਾ ਬੱਚਾ ਕੇਵਲ ਕੇਵਲ ਕੁਝ ਸ਼ਬਦਾਂ ਦੀ ਵਰਤੋਂ ਕਰੇ ਪਰ ਉਸਦੇ ਤੁਹਾਡੇ ਨਾਲ ਸੰਚਾਰ ਕਰਨ ਦੇ ਹੋਰ ਅਸਰਦਾਰ ਤਰੀਕੇ ਹੋ ਸਕਦੇ ਹਨ, ਜਿਵੇਂ ਕਿ ਸੰਕੇਤਕ ਭਾਸ਼ਾ, ਆਵਾਜ਼ਾਂ, ਤੁਹਾਡਾ ਹੱਥ ਫੜਨਾ ਜਾਂ ਇਸ਼ਾਰਾ ਕਰਨਾ।

ਤੁਸੀਂ ਅਤੇ ਤੁਹਾਡੀ ਟੀਮ ਉਸ ਜਾਣਕਾਰੀ ਦੀ ਵਰਤੋਂ ਕਰੋਗੇ ਜੋ ਤੁਸੀਂ ਆਪਣੇ ਬੱਚੇ ਦੇ ਮਾਹਰ ਵਜੋਂ ਦਿੰਦੇ ਹੋ। ਤੁਸੀਂ ਪੇਸ਼ੇਵਰਾਨਾ ਅਤੇ ਹੋਰ ਦੇਖਭਾਲ ਕਰਨ ਵਾਲਿਆਂ ਦੇ ਨਿਰੀਖਣਾਂ, ਮੁਲਾਂਕਣ ਸਾਧਨਾਂ ਅਤੇ ਹੋਰ ਬਹੁਤ ਕੁਝ 'ਤੇ ਵੀ ਵਿਚਾਰ ਕਰੋਗੇ। ਘਰ ਵਿਖੇ, ਭਾਈਚਾਰੇ ਵਿੱਚ ਅਤੇ ਬਾਲ ਸੰਭਾਲ ਜਾਂ ਪ੍ਰੀ-ਸਕੂਲ ਵਰਗੇ ਸਥਾਨਾਂ ਵਿੱਚ ਬੱਚਿਆਂ ਦੇ ਸਫਲ ਹੋਣ ਲਈ ਉਹਨਾਂ ਕੋਲ ਇਹਨਾਂ ਤਿੰਨ ਖੇਤਰਾਂ ਵਿੱਚ ਹੁਨਰ ਹੋਣੇ ਚਾਹੀਦੇ ਹਨ:

1. ਸਕਾਰਾਤਮਕ ਸਮਾਜਿਕ ਰਿਸ਼ਤੇ
2. ਨਵੇਂ ਹੁਨਰਾਂ ਨੂੰ ਹਾਸਲ ਕਰਨਾ ਅਤੇ ਵਰਤਣਾ
3. ਆਪਣੀਆਂ ਲੋੜਾਂ ਪੂਰਾ ਕਰਨ ਲਈ ਕਾਰਵਾਈ ਕਰਨਾ

## ਕਾਰਜਸ਼ੀਲ ਹੁਨਰ ਕੀ ਹੁੰਦੇ ਹਨ?

ਅਸੀਂ ਕੇਵਲ ਇਹ ਨਹੀਂ ਜਾਣਨਾ ਚਾਹੁੰਦੇ ਕਿ ਤੁਹਾਡੇ ਬੱਚੇ ਵਿੱਚ ਕਿਹੜੀਆਂ ਮੁਹਾਰਤਾਂ ਹਨ, ਸਗੋਂ ਅਸੀਂ ਇਹ ਜਾਣਨਾ ਚਾਹੁੰਦੇ ਹਾਂ ਕਿ ਉਹ ਉਹਨਾਂ ਕੰਮਾਂ ਨੂੰ ਪੂਰਾ ਕਰਨ ਲਈ ਪੂਰੇ ਦਿਨ ਇਹਨਾਂ ਹੁਨਰਾਂ ਦੀ ਵਰਤੋਂ ਕਿਵੇਂ ਕਰ ਰਹੇ ਹਨ ਜੋ ਉਹਨਾਂ ਲਈ ਮਹੱਤਵਪੂਰਨ ਹਨ। ਉਦਾਹਰਨ ਲਈ, ਇਹ ਜਾਣਨਾ ਵੀ ਜ਼ਰੂਰੀ ਹੈ ਕਿ ਤੁਹਾਡਾ ਬੱਚਾ ਕਿੰਨ੍ਹੇ ਸ਼ਬਦ ਬੋਲ ਸਕਦਾ ਹੈ ਪਰ ਇਹ ਜਾਣਨਾ ਵੱਧ ਲਾਭਦਾਇਕ ਹੈ ਕਿ ਬੱਚਾ ਕਿਸੇ ਕਿਤਾਬ ਵਿੱਚ ਤਸਵੀਰਾਂ ਨੂੰ ਨਾਮ ਦੇਣ ਲਈ ਜਾਂ ਤੁਹਾਨੂੰ ਇਹ ਦੱਸਣ ਲਈ ਸ਼ਬਦਾਂ ਦੀ ਵਰਤੋਂ ਕਿਵੇਂ ਕਰਦਾ ਹੈ ਕਿ ਉਹ ਕੁਝ ਖਾਣ ਲਈ ਚਾਹੁੰਦਾ ਹੈ ਜਾਂ ਕਿਸੇ ਕਿਤਾਬ ਵਿੱਚ ਤਸਵੀਰਾਂ ਦਾ ਨਾਮ ਦੇਣ ਲਈ।

## ਫੈਸਲੇ ਦਾ ਰੁੱਖ (ਡਿਸਿਜ਼ਨ ਟ੍ਰੀ) ਕੀ ਹੈ?

ਫੈਸਲੇ ਦਾ ਰੁੱਖ (ਡਿਸਿਜ਼ਨ ਟ੍ਰੀ) ਤੁਹਾਡੀ ਅਤੇ ਤੁਹਾਡੀ ਟੀਮ ਦੀ ਇਕ ਅਜਿਹੇ ਸਟੇਟਮੈਂਟ ਦੀ ਚੋਣ ਕਰਨ ਵਿੱਚ ਮਦਦ ਕਰੇਗਾ ਜੋ ਇਸ ਗੱਲ ਦਾ ਸਭ ਤੋਂ ਵਧੀਆ ਵਰਣਨ ਕਰਦੀ ਹੈ ਕਿ ਤੁਹਾਡਾ ਬੱਚਾ ਉੱਪਰ ਸੂਚੀਬੱਧ ਤਿੰਨ ਖੇਤਰਾਂ ਵਿੱਚ ਆਪਣੀ ਉਮਰ ਦੇ ਹੋਰ ਬੱਚਿਆਂ ਦੀ ਤੁਲਨਾ ਵਿੱਚ ਕਿਹੋ ਜਿਹਾ ਪ੍ਰਦਰਸ਼ਨ ਕਰ ਰਿਹਾ ਹੈ। ਅਸੀਂ ਇਸ ਜਾਣਕਾਰੀ ਦੀ ਵਰਤੋਂ ਇਹ ਫੈਸਲਾ ਕਰਨ ਲਈ ਕਰਾਂਗੇ ਕਿ ਕਿਹੜੀਆਂ ਸੇਵਾਵਾਂ ਤੁਹਾਡੀਆਂ ਲੋੜਾਂ ਦੀ ਪੂਰਤੀ ਕਰਨਗੀਆਂ ਅਤੇ ਅਸੀਂ ਤੁਹਾਡੇ ਅਤੇ ਤੁਹਾਡੇ ਬੱਚੇ ਵਾਸਤੇ ਇੱਕ ਪਲਾਨ ਬਣਾਵਾਂਗੇ।

## ਫੈਸਲੇ ਦੇ ਰੁੱਖ (ਡਿਸਿਜ਼ਨ ਟ੍ਰੀ) ਦੀ ਵਰਤੋਂ ਕਰਦੇ ਸਮੇਂ ਧਿਆਨ ਵਿੱਚ ਰੱਖਣ ਵਾਲੀਆਂ ਗੱਲਾਂ

- ਇਸ ਬਾਰੇ ਸੋਚੋ ਕਿ ਬੱਚਾ ਵੱਖ-ਵੱਖ ਥਾਵਾਂ ਅਤੇ ਵੱਖ-ਵੱਖ ਲੋਕਾਂ ਨਾਲ ਰੋਜ਼ਾਨਾ ਦੀਆਂ ਗਤੀਵਿਧੀਆਂ ਵਿੱਚ ਹਿੱਸਾ ਲੈਣ ਲਈ ਕਾਰਜਸ਼ੀਲ ਹੁਨਰ ਦੀ ਵਰਤੋਂ ਕਿਵੇਂ ਕਰਦਾ ਹੈ।
- ਟੀਮ ਦੁਆਰਾ ਚੁਣੀ ਗਈ ਸਟੇਟਮੈਂਟ ਨੂੰ ਹੇਠਾਂ ਦਿੱਤੇ ਤੱਥਾਂ ਦੇ ਆਧਾਰ 'ਤੇ ਤੁਹਾਡੇ ਬੱਚੇ ਦੀ ਕਾਰਜਸ਼ੀਲਤਾ ਨੂੰ ਦਰਸਾਉਣਾ ਚਾਹੀਦਾ ਹੈ:
  - ਇੱਕ ਖਾਸ ਮਾਹੌਲ ਵਿੱਚ ਤੁਹਾਡੇ ਬੱਚੇ ਤੋਂ ਉਮੀਦਾਂ। ਇਹ ਫੈਸਲਾ ਕਰਨ ਲਈ ਆਪਣੇ ਘਰੇਲੂ ਸੱਭਿਆਚਾਰ ਦੀਆਂ ਉਮੀਦਾਂ ਦੀ ਵਰਤੋਂ ਕਰੋ ਕਿ ਕੀ ਤੁਹਾਡਾ ਬੱਚਾ ਘਰ ਵਿੱਚ ਆਪਣੀ ਉਮਰ ਲਈ ਅਨੁਮਾਨਿਤ ਪੱਧਰ 'ਤੇ ਕੰਮ ਕਰ ਰਿਹਾ ਹੈ।

- ਉਹਨਾਂ ਵੱਲੋਂ ਸਹਾਇਕ ਤਕਨਾਲੋਜੀ/ਅਨੁਕੂਲਤਾਵਾਂ (ਸੁਣਨ ਦੇ ਸਾਧਨ, ਐਨਕਾਂ, ਚੱਲਣ-ਫਿਰਨ ਵਿੱਚ ਸਹਾਇਕ ਉਪਕਰਨ, ਆਦਿ) ਦੀ ਵਰਤੋਂ ਕਰਨਾ ਜਦ ਇਹ ਆਮ ਤੌਰ 'ਤੇ ਉਪਲਬਧ ਹੁੰਦੀ ਹੈ। ਵੱਖ-ਵੱਖ ਮਾਹੌਲ ਵਿੱਚ ਉਹਨਾਂ ਦੀ ਅਸਲ ਕਾਰਜਸ਼ੀਲਤਾ, ਨਾ ਕਿ ਆਦਰਸ਼ ਹਾਲਤਾਂ ਵਿੱਚ ਉਹਨਾਂ ਦੀ ਕਾਰਜਸ਼ੀਲਤਾ ਜਦੋਂ ਉਹਨਾਂ ਕੋਲ ਤਕਨਾਲੋਜੀ ਹੋਵੇ।
- ਤੁਹਾਡੇ ਬੱਚੇ ਦੀ ਕਾਲਕ੍ਰਮਿਕ ਉਮਰ, ਭਾਵੇਂ ਉਹ ਸਮੇਂ ਤੋਂ ਪਹਿਲਾਂ ਪੈਦਾ ਹੋਏ ਹੋਣ।



# ਪਰਿਵਾਰਕ ਵਰਕਸ਼ੀਟ: ਮੇਰੇ ਬੱਚੇ ਦੇ ਵਿਕਾਸ 'ਤੇ ਇੱਕ ਨਜ਼ਰ

## ਇਹ ਵਰਕਸ਼ੀਟ ਤੁਹਾਨੂੰ ਆਪਣੇ ਬੱਚੇ ਦੀਆਂ ਸ਼ਕਤੀਆਂ ਅਤੇ ਵਿਕਾਸ ਦੇ ਮੌਕਿਆਂ ਬਾਰੇ ਸੋਚਣ ਵਿੱਚ ਮਦਦ ਕਰੇਗੀ

ਹੇਠਾਂ ਦਿੱਤੀਆਂ ਖਾਲੀ ਥਾਵਾਂ ਨੂੰ ਉਹਨਾਂ ਚੀਜ਼ਾਂ ਨਾਲ ਭਰੋ ਜੋ ਤੁਸੀਂ ਆਪਣੇ ਬੱਚੇ ਨੂੰ ਵਿਕਾਸ ਦੇ ਇਹਨਾਂ ਤਿੰਨ ਕਾਰਜਸ਼ੀਲ ਖੇਤਰਾਂ ਤਹਿਤ ਕਰਦੇ ਹੋਏ ਦੇਖਿਆ ਹੈ। ਤੁਹਾਡੇ ਬੱਚੇ ਦੇ ਮੌਜੂਦਾ ਹੁਨਰਾਂ *ਅਤੇ* ਉਹਨਾਂ ਹੁਨਰਾਂ 'ਤੇ ਵਿਚਾਰ ਕਰੋ ਜਿਨ੍ਹਾਂ ਬਾਰੇ ਤੁਸੀਂ ਮਹਿਸੂਸ ਕਰਦੇ ਹੋ ਕਿ ਉਹ ਤੁਹਾਡੇ ਬੱਚੇ ਲਈ ਸਿੱਖਣਾ ਮਹੱਤਵਪੂਰਨ ਹਨ। ਇਹ ਮਹੱਤਵਪੂਰਨ ਹੈ ਕਿ ਜੋ ਕੁਝ *ਤੁਸੀਂ* ਆਪਣੇ ਬੱਚੇ ਬਾਰੇ ਜਾਣਦੇ ਹੋ ਅਤੇ ਜਿਸ 'ਤੇ ਵਿਸ਼ਵਾਸ ਕਰਦੇ ਹੋ, ਉਸਨੂੰ ਮੁਲਾਂਕਣ ਅਤੇ IFSP ਟੀਮ ਦੀ ਚਰਚਾ ਵਿੱਚ ਸ਼ਾਮਲ ਕੀਤਾ ਜਾਵੇ।

| | ਮੇਰਾ ਬੱਚਾ ਇਹ ਕਿਵੇਂ ਕਰਦਾ ਹੈ... | ਮੇਰੇ ਬੱਚੇ ਦੀਆਂ ਖੂਬੀਆਂ ਇਹ ਹਨ... | ਵਿਕਾਸ ਦੇ ਮੌਕੇ ਇਹ ਹਨ... |
|---|---|---|---|
| 1: ਸਕਾਰਾਤਮਕ ਸਮਾਜਿਕ ਰਿਸ਼ਤੇ | • ਦੂਜਿਆਂ ਨਾਲ ਸਬੰਧ ਰੱਖਣਾ<br>• ਭਾਵਨਾਵਾਂ ਜ਼ਾਹਰ ਕਰਨਾ<br>• ਉਹਨਾਂ ਨੂੰ ਛੂਹਣ 'ਤੇ ਜਵਾਬ ਦੇਣਾ<br>• ਕਿਸੇ ਹੋਰ ਵਿਅਕਤੀ ਨਾਲ ਕਿਸੇ ਗਤੀਵਿਧੀ ਵਿੱਚ ਦਿਲਚਸਪੀ ਬਣਾਏ ਰੱਖਣਾ<br>• ਇੱਕ ਗਤੀਵਿਧੀ ਤੋਂ ਅਗਲੀ ਗਤੀਵਿਧੀ ਵਿੱਚ ਜਾਣਾ<br>• ਜਦੋਂ ਦੂਜਿਆਂ ਤੋਂ ਹੋਰ ਧਿਆਨ ਦੀ ਲੋੜ ਹੋਵੇ ਤਾਂ ਸਹੀ ਢੰਗ ਨਾਲ ਵਿਵਹਾਰ ਕਰਨਾ<br>• ਰੁਟੀਨ ਅਤੇ ਉਮੀਦਾਂ ਨੂੰ ਸਮਝਣਾ<br>• ਵਾਰੀ ਵਾਰੀ ਖੇਡਣਾ<br>• ਨਿਰਾਸ਼ਾ ਨਾਲ ਨਿਪਟਣਾ | | |
| 2: ਨਵੇਂ ਹੁਨਰਾਂ ਨੂੰ ਹਾਸਲ ਕਰਨਾ ਅਤੇ ਵਰਤਣਾ | • ਰੋਜ਼ਾਨਾ ਦੀਆਂ ਸਥਿਤੀਆਂ ਵਿੱਚ ਸ਼ਬਦਾਂ ਦੀ ਵਰਤੋਂ ਕਰਨਾ<br>• ਸਮੱਸਿਆ ਨੂੰ ਹੱਲ ਕਰਨਾ (ਅਜਿਹੀ ਚੀਜ਼ ਤੱਕ ਪਹੁੰਚਣਾ ਜਿੱਥੇ ਉਹ ਨਹੀਂ ਪਹੁੰਚ ਸਕਦੇ)<br>• ਨਿਰਦੇਸ਼ਾਂ ਅਤੇ ਬੇਨਤੀਆਂ ਨੂੰ ਸਮਝਣਾ ਅਤੇ/ਜਾਂ ਜਵਾਬ ਦੇਣਾ<br>• ਦੂਜਿਆਂ ਦੀ ਨਕਲ ਕਰਨਾ<br>• ਸਵਾਲਾਂ ਦੇ ਜਵਾਬ ਦੇਣਾ<br>• ਕਿਤਾਬਾਂ, ਤਸਵੀਰਾਂ, ਵਸਤੂਆਂ ਦੀ ਵਰਤੋਂ ਕਰਨਾ | | |

| | | | |
|---|---|---|---|
| 3 ਆਪਣੀਆਂ ਲੋੜਾਂ ਪੂਰਾ ਕਰਨ ਲਈ ਕਾਰਵਾਈ ਕਰਨਾ | • ਬੁਨਿਆਦੀ ਲੋੜਾਂ ਦਾ ਧਿਆਨ ਰੱਖਣਾ<br>• ਤੁਹਾਨੂੰ ਦੱਸਣਾ ਕਿ ਉਹ ਕੀ ਚਾਹੁੰਦੇ ਹਨ ਅਤੇ ਕੀ ਚਾਹੀਦਾ ਹੈ<br>• ਖ਼ਤਰੇ ਪ੍ਰਤੀ ਜਾਗਰੂਕਤਾ ਦਿਖਾਉਣਾ<br>• ਆਪਣੇ ਸਰੀਰ ਨੂੰ ਇੱਕ ਥਾਂ ਤੋਂ ਦੂਜੀ ਥਾਂ ਲਿਜਾਣਾ<br>• ਖਿਡੌਣਿਆਂ ਨਾਲ ਖੇਡਣ ਲਈ ਆਪਣੇ ਹੱਥਾਂ ਦੀ ਵਰਤੋਂ ਕਰਨਾ | | |
| **ਵਿਚਾਰ ਕਰਨ ਲਈ ਹੋਰ ਸਵਾਲ** | | • ਮੇਰਾ ਬੱਚਾ ਕਿਹੜੀਆਂ ਗਤੀਵਿਧੀਆਂ ਜਾਂ ਲੋਕਾਂ ਨੂੰ ਪਸੰਦ ਕਰਦਾ ਹੈ?<br>• ਮੇਰਾ ਬੱਚਾ ਮੈਨੂੰ ਇਹ ਕਿਵੇਂ ਦੱਸਦਾ ਹੈ ਕਿ ਉਹ ਕੀ ਪਸੰਦ ਕਰਦਾ ਹੈ?<br>• ਮੇਰਾ ਬੱਚਾ ਸਭ ਤੋਂ ਵੱਧ ਸਹਿਯੋਗੀ ਕਦੋਂ ਹੁੰਦਾ ਹੈ?<br>• ਮੇਰੇ ਬੱਚੇ ਨੂੰ ਕਿਹੜੀ ਚੀਜ਼ ਸ਼ਾਂਤ ਕਰਦੀ ਹੈ? | • ਮੇਰਾ ਬੱਚਾ ਕਿਹੜੀਆਂ ਗਤੀਵਿਧੀਆਂ ਜਾਂ ਲੋਕਾਂ ਨੂੰ ਨਾਪਸੰਦ ਕਰਦਾ ਹੈ?<br>• ਮੇਰਾ ਬੱਚਾ ਮੈਨੂੰ ਇਹ ਕਿਵੇਂ ਦੱਸਦਾ ਹੈ ਕਿ ਉਹ ਕੀ ਨਾਪਸੰਦ ਕਰਦਾ ਹੈ?<br>• ਮੇਰਾ ਬੱਚਾ ਕਿਸ ਤੋਂ ਡਰਦਾ ਹੈ?<br>• ਮੇਰਾ ਬੱਚਾ ਕਿਸ ਤੋਂ ਨਿਰਾਸ਼ ਹੁੰਦਾ ਹੈ? |